**16ਵੀਂ ਵਿਧਾਨ ਸਭਾ**

**ਛੇਵਾਂ (ਬਜਟ)ਸਮਾਗਮ,2024**

**ਪੰਜਾਬ ਵਿਧਾਨ ਸਭਾ**

**ਬੁਲੇਟਿਨ ਨੰ: 01**

**ਸ਼ੁੱਕਰਵਾਰ, 01 ਮਾਰਚ, 2024**

(02.00 ਵਜੇ ਬਾਅਦ ਦੁਪਹਿਰ ਤੋਂ 02.11 ਵਜੇ ਬਾਅਦ ਦੁਪਹਿਰ ਤੱਕ)

1. **ਅਕਾਲ ਚਲਾਣਿਆਂ ਦਾ ਵਰਣਨ:-**

    1. ਡਾਕਟਰ ਬਲਦੇਵ ਰਾਜ ਚਾਵਲਾ, ਸਾਬਕਾ ਡਿਪਟੀ ਸਪੀਕਰ;
    2. ਸਰਦਾਰ ਰਣਜੀਤ ਸਿੰਘ ਤਲਵੰਡੀ, ਸਾਬਕਾ ਐਮ.ਐਲ.ਏ;
    3. ਸਰਦਾਰ ਪ੍ਰਕਾਸ਼ ਸਿੰਘ ਗੜ੍ਹਦੀਵਾਲਾ, ਸਾਬਕਾ ਐਮ.ਐਲ.ਏ;
    4. ਸਰਦਾਰ ਸੋਹਣ ਸਿੰਘ ਬੋਦਲ, ਸਾਬਕਾ ਐਮ.ਐਲ.ਏ;
    5. ਸ਼ਹੀਦ ਅਜੈ ਕੁਮਾਰ, ਅਗਨੀਵੀਰ;
    6. ਸ਼ਹੀਦ ਗੁਰਪ੍ਰੀਤ ਸਿੰਘ, ਗਨਰ; ਅਤੇ
    7. ਸ਼ਹੀਦ ਸ਼ੁਭਕਰਨ ਸਿੰਘ, ਕਿਸਾਨ।

ਮਾਣਯੋਗ ਸਪੀਕਰ ਵੱਲੋਂ ਉਪਰੋਕਤ ਵਰਣਿਤ ਸ਼ਖਸੀਅਤਾਂ ਦੇ ਜੀਵਨ ਅਤੇ ਯੋਗਦਾਨ ਬਾਰੇ ਸਦਨ ਵਿੱਚ ਵਰਣਨ ਕੀਤਾ ਗਿਆ ਅਤੇ ਸਦਨ ਵੱਲੋਂ ਇਨ੍ਹਾਂ ਸ਼ਖਸੀਅਤਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ।

ਇਸ ਤੋਂ ਇਲਾਵਾ ਸ੍ਰੀ ਅਮਨ ਅਰੋੜਾ, ਪ੍ਰਸ਼ਾਸਕੀ ਸੁਧਾਰ ਮੰਤਰੀ ਦੁਆਰਾ ਉੱਘੇ ਤੇ ਬੇਬਾਕ ਪੱਤਰਕਾਰ ਅਤੇ ਸੁਤੰਤਰਤਾ ਸੰਗਰਾਮੀ ਸ੍ਰੀ ਜੰਗੀਰ ਸਿੰਘ ਜੀ, ਦੇ ਜੀਵਨ ਸਾਥੀ ਮਾਤਾ ਹਰਬੰਸ ਕੌਰ ਜੀ ਅਤੇ ਸਰਦਾਰ ਗੁਰਪ੍ਰੀਤ ਸਿੰਘ ਬਨਾਂਵਲੀ ਦੁਆਰਾ ਸ਼ਹੀਦ ਅਮਰੀਕ ਸਿੰਘ ਜੀ, ਸ਼ਹੀਦ ਨਾਇਬ ਸੂਬੇਦਾਰ ਅੰਗਰੇਜ਼ ਸਿੰਘ ਜੀ ਪੁੱਤਰ ਸ੍ਰੀ ਲਾਭ ਸਿੰਘ ਜੀ, ਅਤੇ ਸ਼ਹੀਦ ਕੁਲਦੀਪ ਸਿੰਘ ਪੁੱਤਰ ਸ੍ਰੀ ਬਲਵਿੰਦਰ ਸਿੰਘ ਜੀ ਨੂੰ ਵੀ ਅੱਜ ਦੇ ਸ਼ੋਕ ਪ੍ਰਸਤਾਵਾਂ ਵਾਲੀ ਸੂਚੀ ਵਿੱਚ ਸ਼ਾਮਲ ਕਰਨ ਲਈ ਕਹੇ ਜਾਣ ਤੇ ਉਨ੍ਹਾਂ ਨੂੰ ਵੀ ਸ਼ਰਧਾਂਜਲੀਆਂ ਵਾਲੀ ਸੂਚੀ ਵਿੱਚ ਸ਼ਾਮਲ ਕੀਤਾ ਗਿਆ।

ਮਾਣਯੋਗ ਸਪੀਕਰ ਵੱਲੋਂ ਸਦਨ ਨੂੰ ਸੂਚਿਤ ਕੀਤਾ ਗਿਆ ਕਿ ਵਿਛੜੀਆਂ ਸ਼ਖਸੀਅਤਾਂ ਦੇ ਪਰਿਵਾਰਾਂ ਨੂੰ ਸ਼ੋਕ ਸੁਨੇਹੇ ਭੇਜ ਦਿੱਤੇ ਜਾਣਗੇ।

ਸਦਨ ਨੇ ਵਿਛੜੀਆਂ ਰੂਹਾਂ ਦੀ ਯਾਦ ਵਿੱਚ ਸਤਿਕਾਰ ਵਜੋਂ ਦੋ ਮਿੰਟ ਲਈ ਖੜ੍ਹੇ ਹੋ ਕੇ ਮੌਨ ਧਾਰਨ ਕੀਤਾ।

2. **ਮਾਣਯੋਗ ਸਪੀਕਰ ਦੁਆਰਾ ਰਾਜਪਾਲ ਜੀ ਦੇ ਭਾਸ਼ਣ ਸਬੰਧੀ ਐਲਾਨ**

ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 18 ਦੀ ਪੈਰਵੀ ਵਿਚ ਮਾਣਯੋਗ ਸਪੀਕਰ ਵਲੋਂ ਦੱਸਿਆ ਗਿਆ ਕਿ ਰਾਜਪਾਲ ਜੀ ਨੇ ਸੰਵਿਧਾਨ ਦੇ ਅਨੁਛੇਦ 176 (1) ਅਧੀਨ 01 ਮਾਰਚ, 2024 ਨੂੰ 11.00 ਵਜੇ ਸਵੇਰੇ ਪੰਜਾਬ ਵਿਧਾਨ ਸਭਾ ਨੂੰ ਭਾਸ਼ਣ ਦੇਣ ਦੀ ਕ੍ਰਿਪਾਲਤਾ ਕੀਤੀ ਹੈ। ਮਾਣਯੋਗ ਸਪੀਕਰ ਵਲੋਂ ਭਾਸ਼ਣ ਦੀ ਇਕ ਕਾਪੀ ਸਦਨ ਦੀ ਮੇਜ਼ ਤੇ ਰੱਖੀ ਗਈ।

ਇਸ ਉਪਰੰਤ ਸਦਨ ਵਿਛੜੀਆਂ ਰੂਹਾਂ ਦੇ ਸਤਿਕਾਰ ਵਜੋਂ ਬਿਨਾਂ ਕੋਈ ਹੋਰ ਕੰਮ-ਕਾਰ ਕੀਤਿਆਂ ਸੋਮਵਾਰ, ਮਿਤੀ 04 ਮਾਰਚ, 2024 ਦੇ 11.00 ਵਜੇ ਸਵੇਰ ਤੱਕ ਸਥੱਗਿਤ ਹੋ ਗਿਆ।

ਚੰਡੀਗੜ੍ਹ

01 ਮਾਰਚ, 2024

ਰਾਮ ਲੋਕ ਖਟਾਣਾ,

ਸਕੱਤਰ